www.ajdiawaaz.com

info@ajdiawaaz.com
awaaznewsdesk@gmail.com

ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ 22 ਜੁਲਾਈ, 2010 ਵੀਰਵਾਰ • 7 ਸਾਵਣ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 100 •ਟੈਲੀਫੋਨ ਨੰ.0181- 4626370, 2235707, ਫੈਕਸ ਨੰ. : 0181-2225427, 2235427 • Postel Regd. No. PB/0007/09-2011

ਸ਼ਹਿਰ ਤੇ ਆਸ ਪਾਸ
ਉੱਤਮ ਕਿਸਮ ਦੇ ਸਕਿਲ ਸੈਂਟਰ ਖੋਲ੍ਹੇ ਜਾਣਗੇ 3

ਸੰਪਾਦਕੀ
ਜ਼ਹਿਰ ਦੀ ਵਪਾਰਨ-ਬੀਬੀ ਚਾਵਲਾ 4



ਦੇਸ਼ ਦੁਨੀਆਂ
'ਮਿਸ ਯੂ. ਐਸ. ਏ. ਪੰਜਾਬਣ 2010' 8

ਵਿਸ਼ੇਸ਼ ਸੰਪਾਦਕੀ- ਗੁਰਦੀਪ ਸਿੰਘ

ਜ਼ਹਿਰ ਦੀ ਵਪਾਰਨ-ਬੀਬੀ ਚਾਵਲਾ

ਦੇਸ਼ ਦੀ ਵੰਡ ਤੋਂ ਪਹਿਲਾਂ ਪਾਕਿਸਤਾਨ ਦੇ ਨਿਰਮਾਣ ਲਈ ਜੋ ਰੋਲ ਕਾਂਗਰਸੀ ਜ਼ਹਿਰ ਦੇ ਵਪਾਰੀ ਆਗੂਆਂ ਨੇ ਨਿਭਾਇਆ, ਜਿਹੜੇ ਨਫ਼ਰਤ ਦੇ ਬੀਜ਼ ਬੀਜੇ, ਉਸ ਦਾ ਨਤੀਜਾ ਦੇਸ਼ ਦੀ ਵੰਡ ਅਤੇ ਮਾਨਵਤਾ ਦੇ ਕਤਲੇਆਮ ਵਿੱਚ ਨਿਕਲਿਆ, ਉਹੀ ਰੋਲ ਅੱਜ ਭਾਜਪਾ ਦੀ ਆਗੂ ਤੇ ਮੰਤਰੀ ਬੀਬੀ ਲਕਸ਼ਮੀ ਕਾਂਤ ਚਾਵਲਾ ਨਿਭਾਅ ਰਹੇ ਹਨ। ਫਿਰਕਾਪ੍ਰਸਤੀ ਅਤੇ ਨਫਰਤ ਵਿੱਚ ਅੰਨ੍ਹੀ ਹੋਈ ਇਹ ਬਜ਼ੁਰਗ ਜਨੂਨੀ ਔਰਤ ਦੇਸ਼ ਦੀ ਇੱਕ ਹੋਰ ਵੰਡ ਦਾ ਅਧਾਰ ਤਿਆਰ ਕਰ ਰਹੀ ਹੈ। ਸਿੱਖਾਂ ਦੇ ਆਗੂ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਵੱਲੋਂ ਅਜਿਹੀ ਜਹਿਰ ਦੀ ਵਪਾਰਨ ਨੂੰ ਸ਼ਕਤੀ ਦੇ ਕੇ ਅਤੇ ਮਾਨਵਤਾ ਪ੍ਰਤੀ ਖ਼ਤਰਨਾਕ ਵਿਚਾਰਧਾਰਾ ਨਾਲ ਸਾਂਝ ਪਾ ਕੇ ਸਿੱਖਾਂ ਪ੍ਰਤੀ, ਘੱਟ ਗਿਣਤੀਆਂ ਪ੍ਰਤੀ ਅਤੇ ਮਾਨਵਤਾ ਪ੍ਰਤੀ ਕੇਵਲ ਇੱਕ ਰਾਜਸੀ ਗਲਤੀ ਹੀ ਨਹੀਂ ਕਰ ਰਹੇ, ਸਗੋਂ ਗੁਨਾਹ ਵੀ ਕਰ ਰਹੇ ਹਨ। ਜੇਕਰ ਸ. ਬਾਦਲ ਕੌਮਾਂ ਵਿੱਚ ਇੱਕਸੁਰਤਾ ਦੇ ਹਾਮੀ ਹਨ ਅਤੇ ਇਨਸਾਫ਼ ਵਿੱਚ ਯਕੀਨ ਰੱਖਦੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਬੀਬੀ ਚਾਵਲਾ ਨੂੰ ਵਜਾਰਤ ਵਿੱਚੋਂ ਹਟਾ ਕੇ ਕੌਮਾਂ ਵਿੱਚ ਨਫ਼ਰਤ ਪੈਦਾ ਕਰਨ ਦੇ ਦੋਸ਼ ਵਿੱਚ ਉਸ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦੇਣ। ਬੀਬੀ ਚਾਵਲਾ ਵੱਲੋਂ 20 ਜੁਲਾਈ ਨੂੰ ਜੀ. ਟੀ. ਵੀ. 'ਤੇ ਦਿੱਤੀ ਇੱਕ ਇੰਟਰਵਿਊ ਵਿੱਚ ਸਮੁੱਚੀ ਸਿੱਖ ਕੌਮ ਵਿਰੁੱਧ ਜ਼ਹਿਰ ਉਗਲੀ ਗਈ ਹੈ। ਬੀਬੀ ਚਾਵਲਾ ਪੰਜਾਬ ਦਾ ਅੰਨ ਖਾਂਦੀ ਹੈ, ਪੰਜਾਬ ਦੇ ਲੋਕਾਂ ਦੇ ਟੈਕਸਾਂ 'ਤੇ ਅਰਾਮ ਦੀ ਜ਼ਿੰਦਗੀ ਜੀਅ ਰਹੀ ਹੈ, ਪ੍ਰੰਤੂ ਪੰਜਾਬ ਦੀ ਮਾਤ ਭਾਸ਼ਾ ਪੰਜਾਬੀ ਦਾ ਹਮੇਸ਼ਾ ਵਿਰੋਧ ਕਰਦੀ ਰਹਿੰਦੀ ਹੈ। ਪੰਜਾਬ ਦੇ ਆਰਥਿਕ ਅਤੇ ਰਾਜਨੀਤਿਕ ਹਿੱਤਾਂ ਦਾ ਵਿਰੋਧ ਕਰਨਾ ਉਹ ਆਪਣਾ ਮੁੱਢਲਾ ਫ਼ਰਜ਼ ਸਮਝਦੀ ਹੈ। ਬੀਬੀ ਚਾਵਲਾ ਸ਼ਾਇਦ ਕਿਸੇ ਦਿਨ ਰੋਟੀ ਖਾਣੀ ਤਾਂ ਭੁੱਲ ਸਕਦੀ ਹੈ, ਪ੍ਰੰਤੂ ਪੰਜਾਬੀ ਤੇ ਪੰਜਾਬ ਦਾ ਵਿਰੋਧ ਕਰਨਾ ਉਹ ਕਦੇ ਵੀ ਨਹੀਂ ਭੁੱਲ ਸਕਦੀ। (ਪੂਰੀ ਸੰਪਾਦਕੀ ਅੰਦਰ ਸਫਾ 4 'ਤੇ)

ਬਿਹਾਰ ਅਸੈਂਬਲੀ 'ਚ ਤੀਸਰੇ ਦਿਨ ਵੀ ਭਾਰੀ ਹੰਗਾਮਾ, 67 ਵਿਧਾਇਕ ਮੁਅੱਤਲ

ਪਟਨਾ, 21 ਜੁਲਾਈ (ਵਿਸ਼ਵ ਵਾਰਤਾ)-ਬਿਹਾਰ ਵਿਧਾਨ ਸਭਾ ਵਿਚ ਅੱਜ 67 ਵਿਧਾਇਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਕਥਿਤ ਟ੍ਰੇਜ਼ਰੀ ਘੋਟਾਲੇ ਦੇ ਮੁੱਦੇ 'ਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਅਸਤੀਫੇ ਦੇ ਮੰਗ ਨੂੰ ਲੈ ਕੇ ਵਿਧਾਨ ਸਭਾ ਵਿਚ ਅੱਜ ਤੀਸਰੇ ਦਿਨ ਵੀ ਭਾਰੀ ਹੰਗਾਮਾ ਹੋਇਆ। ਇਸ ਹੰਗਾਮੇ ਕਾਰਨ ਸਪੀਕਰ ਨੇ ਵਿਰੋਧੀ ਧਿਰ ਦੇ 67 ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ। ਅੱਜ ਤੀਸਰੇ ਦਿਨ ਮਾਨਸੂਨ ਸੈਸ਼ਨ ਦੇ ਤੀਸਰੇ ਦਿਨ ਦੀ ਕਾਰਵਾਈ ਸ਼ੁਰੂ ਹੋਣ 'ਤੇ ਵਿਰੋਧੀ ਦਲਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਇਸ 'ਤੇ ਡਿਪਟੀ ਸਪੀਕਰ ਸ਼ਕੀਲ ਅਹਿਮਦ ਕੁਝ ਬੋਲਣ ਲਈ ਖੜ੍ਹੇ ਹੋਏ ਤਦ ਸੱਤਾ ਪੱਖ ਦੇ ਲੋਕਾਂ ਨੇ ਉਨ੍ਹਾਂ ਰੋਕਿਆ। ਇਸ ਨਾਲ ਵਿਰੋਧੀ ਧਿਰ ਨਾਰਾਜ਼ ਹੋ ਗਿਆ। ਇਸ ਤੋਂ ਬਾਅਦ ਸੱਤਾ ਪੱਖ ਦੇ ਇਕ ਮੈਂਬਰ ਨੇ ਹੰਗਾਮਾ ਕਰ ਰਹੇ ਵਿਧਾਇਕਾਂ ਨੂੰ ਸਦਨ ਤੋਂ ਕੱਢਣ ਦਾ ਪ੍ਰਸਤਾਵ ਸਪੀਕਰ ਨੂੰ ਦਿੱਤਾ, ਜਿਸ ਨੂੰ ਸਵੀਕਾਰ ਕਰ ਲਿਆ ਗਿਆ। ਇਸ ਤੋਂ ਬਾਅਦ ਹੰਗਾਮਾ ਕਰ ਰਹੇ ਵਿਧਾਇਕਾਂ ਨੂੰ ਮਾਰਸ਼ਲਾਂ ਨੇ ਬਾਹਰ ਕੱਢ ਦਿੱਤਾ। ਜਿਨ੍ਹਾਂ ਵਿਧਾਇਕਾਂ ਨੂੰ ਮੁਅੱਤਲ ਕੀਤਾ ਗਿਆ ਹੈ, ਉਨ੍ਹਾਂ ਵਿਚ 42 ਵਿਧਾਇਕ ਰਾਜਦ ਦੇ, 11 ਲੋਜਪਾ ਅਤੇ 2 ਵਿਧਾਇਕ ਕਾਂਗਰਸ ਦੇ ਹਨ। ਇਨ੍ਹਾਂ ਵਿਧਾਇਕਾਂ ਵੱਲੋਂ ਸਦਨ ਦੇ ਬਾਹਰ ਵੀ ਭਾਰੀ ਹੰਗਾਮਾ ਕੀਤਾ ਗਿਆ। ਇਨ੍ਹਾਂ ਵਰਕਰਾਂ ਦੀ ਪੁਲਿਸ (ਬਾਕੀ ਸਫਾ 2 'ਤੇ)

ਪੰਜਾਬ ਦੇ ਦੋ ਆਈ. ਏ. ਐਸ. ਅਧਿਕਾਰੀਆਂ ਤੇ ਭ੍ਰਿਸ਼ਟਾਚਾਰ ਦੇ ਕੇਸ

ਚੰਡੀਗੜ੍ਹ, 21 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਦੋ ਆਈ.ਏ.ਐਸ. ਅਧਿਕਾਰੀਆਂ ਤੇ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਸਬੰਧੀ ਸੀ.ਬੀ.ਆਈ. ਨੇ ਪ੍ਰਧਾਨ ਮੰਤਰੀ ਵੱਲੋਂ ਇਜਾਜ਼ਤ ਦੇਣ ਦੇ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਕਸੂਤੀ ਸਥਿਤੀ 'ਚ ਫਸੀ ਹੋਈ ਹੈ। ਆਰ.ਟੀ.ਆਈ. ਤਹਿਤ ਮੰਗੀ ਜਾਣਕਾਰੀ ਤੇ ਕੇਂਦਰੀ ਪ੍ਰਸੋਨਲ ਵਿਭਾਗ ਨੇ ਉਕਤ ਸੂਚੀ 'ਚ 13 ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਦਾ ਨਾਂਅ ਦੱਸਿਆ ਹੈ ਜਿਨ੍ਹਾਂ ਤੇ ਭ੍ਰਿਸ਼ਟਾਚਾਰ ਦੇ ਵੱਖ-ਵੱਖ ਦੋਸ਼ ਹਨ ਇਨ੍ਹਾਂ 13 ਅਧਿਕਾਰੀਆਂ 'ਚ ਪੰਜਾਬ ਦੇ ਪ੍ਰਮੁੱਖ ਸਕੱਤਰ ਵਿੱਤ ਕੇ.ਬੀ.ਐਸ. ਸਿੱਧੂ ਤੇ ਡਾਇਰੈਕਟਰ ਟਰਾਂਸਪੋਰਟ ਮਨਦੀਪ ਸਿੰਘ ਦਾ ਨਾਂਅ ਸ਼ਾਮਲ ਹੈ।

ਜ਼ਿਕਰਯੋਗ ਹੈ ਕਿ ਉਕਤ ਅਧਿਕਾਰੀਆਂ ਤੇ ਭ੍ਰਿਸ਼ਟਾਚਾਰ ਦੇ ਮਾਮਲੇ ਸਬੰਧੀ ਅਗਲੀ (ਬਾਕੀ ਸਫਾ 2 'ਤੇ)

ਮੇਰੇ 'ਤੇ ਲਾਏ ਸਾਰੇ ਦੋਸ਼ ਝੂਠੇ- ਹਾਕੀ ਕੋਚ

ਨਵੀਂ ਦਿੱਲੀ, 21 ਜੁਲਾਈ (ਇੰਟ.)-ਭਾਰਤੀ ਮਹਿਲਾ ਹਾਕੀ ਫਿਰ ਤੋਂ ਵਿਵਾਦਾਂ ਦੇ ਘੇਰੇ 'ਚ ਆ ਗਈ ਹੈ। ਇਸ ਵਾਰ ਵਿਵਾਦ ਇੱਕ ਕੋਚਿੰਗ ਸਟਾਫ਼ ਦੇ ਸੈਕਸ ਸਕੈਂਡਲ 'ਚ ਸ਼ਾਮਲ ਹੋਣ 'ਤੇ ਹੋਇਆ ਹੈ। ਇਹ ਘਟਨਾ ਚੀਨ ਅਤੇ ਕੈਨੇਡਾ ਦੌਰੇ ਸਮੇਂ ਦੀ ਹੈ। ਹਾਲਾਂਕਿ ਹਾਕੀ ਟੀਮ ਦੇ ਕੋਚ ਕੌਸ਼ਿਕ ਨੇ ਸਾਡੇ ਬੁੱਧਵਾਰ ਨੂੰ ਦੱਸਿਆ ਕਿ ਸੈਕਸ ਸਕੈਂਡਲ 'ਚ ਸ਼ਾਮਲ ਹੋਣ ਨੂੰ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਇਨਕਾਰ ਕੀਤਾ ਹੈ। ਕੌਸ਼ਿਕ ਨੇ ਕਿਹਾ ਕਿ ਰਾਸ਼ਟਰੀ ਟੀਮ 'ਚ ਜਗ੍ਹਾ ਪਾਉਣ 'ਚ ਨਾਕਾਮ ਰਹੇ ਖਿਡਾਰੀਆਂ ਨੇ ਉਸ ਦੇ ਖਿਲਾਫ਼ ਇਹ ਸਾਜਿਸ਼ ਰਹੀ ਹੈ। ਇਹ ਮੇਰੇ ਖਿਲਾਫ਼ ਇੱਕ ਸਾਜਿਸ਼ ਹੈ ਜਿਸ ਕਈ ਲੋਕ ਸ਼ਾਮਲ ਹਨ। ਰਾਸ਼ਟਰੀ ਟੀਮ 'ਚ ਜਗ੍ਹਾ ਬਣਾਉਣ 'ਚ ਨਾਕਾਮ ਰਹੇ ਖਿਡਾਰੀਆਂ ਨੇ ਇਹ ਇਹ ਸੌੜੀ ਹਰਕਤ ਕੀਤੀ ਹੈ। ਮੈਨੂੰ ਇਸ ਗੱਲ 'ਤੇ ਵਿਸ਼ਵਾਸ਼ ਨਹੀਂ ਹੋ ਰਿਹਾਕਿ ਕੋਈ ਮੇਰੇ ਖਿਲਾਫ਼ ਦੋਸ਼ ਲਗਾਉਣ ਲਈ ਇਸ ਪੱਧਰ ਤੱਕ ਡਿੱਗ ਸਕਦਾ ਹੈ। ਮਹਿਲਾ ਹਾਕੀ 'ਚ ਮੰਗਲਵਾਰ ਹੋਏ ਇਸ ਸਨਸਨੀਖੇਜ਼ ਖੁਲਾਸੇ ਨੇ ਪੂਰੇ ਖੇਡ ਜਗਤ 'ਚ ਭੂਚਾਲ ਲੈ ਆਂਦਾ ਹੈ। ਕੌਸ਼ਿਕ ਨੇ ਅੱਗੇ ਕਿਹਾ ਕਿ ਉਹ ਖ਼ੁਦ ਨੂੰ 27 ਜੁਲਾਈ ਤੋਂ ਦੱਖਣੀ ਕੋਰੀਆ 'ਚ ਹੋਣ ਵਾਲੀ ਏਸ਼ੀਆ ਚੈਂਪੀਅਨਸ਼ਿਪ ਟਰਾਫ਼ੀ ਤੋਂ ਅਲੱਗ ਕਰ ਰਹੇ ਹੰਨ। ਕੌਸ਼ਿਕ ਨੇ ਕਿਹਾ ਕਿ ਉਹ ਕਿਸੇ ਵੀ ਸੈਕਸ ਸਕੈਂਡਲ 'ਚ ਸ਼ਾਮਲ ਨਹੀਂ ਅਤੇ ਜਾਂਚ ਕਮੇਟੀ ਦੀ ਰਿਪੋਰਟ 'ਚ ਸੱਚ ਸਾਰਿਆਂ ਦੇ ਸਾਹਮਣੇ ਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਮੇਰੇ ਆਪਣੇ ਸਟੈਂਡ 'ਤੇ ਕਾਇਮ ਰਹੂੰਗਾ, ਮੈਂ ਜਾਂਚ ਕਮੇਟੀ ਦਾ (ਬਾਕੀ ਸਫਾ 2 'ਤੇ)

ਹਸਪਤਾਲ ਦੀ ਲਾਪ੍ਰਵਾਹੀ: ਕਤਾਰ 'ਚ ਖੜ੍ਹੀ ਔਰਤ ਵੱਲੋਂ ਬੱਚੇ ਨੂੰ ਜਨਮ

ਬੱਚੇ ਦੀ ਤੁਰੰਤ ਮੌਤ

ਚੰਡੀਗੜ੍ਹ, 21 ਜੁਲਾਈ (ਨਾਗਪਾਲ)-ਚੰਡੀਗੜ੍ਹ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀ ਲਾਪਰਵਾਹੀ ਉਸ ਵੇਲੇ ਨੰਗੀ ਹੋ ਗਈ ਜਦੋਂ ਹਸਪਤਾਲ ਵਿੱਚ ਆਈ ਇੱਕ ਗਰਭਵਤੀ ਔਰਤ ਨੇ ਡਲੀਵਰੀ ਰੂਮ ਦੇ ਬਾਹਰ ਹੀ ਬੱਚੇ ਨੂੰ ਜਨਮ ਦੇ ਦਿੱਤਾ। ਬੱਚੇ ਦੇ ਮੌਤ ਹੋ ਗਈ ਹੈ ਜਦੋਂਕਿ ਔਰਤ ਦੀ ਹਾਲਤ ਠੀਕ ਠਾਕ ਦੱਸੀ ਜਾ ਰਹੀ ਹੈ। ਹਸਪਤਾਲ ਪ੍ਰਬੰਧ ਤੋਂ ਗੁੱਸੇ ਵਿੱਚ ਆਏ ਲੋਕਾਂ ਨੇ ਉਥੇ ਬਹੁਤ ਨਾਅਰੇਬਾਜ਼ੀ ਕੀਤੀ। ਪ੍ਰਾਪਤ ਜਾਣਕਾਰੀ ਅਨੁਸਾਰ ਸੈਕਟਰ 16 ਦੇ ਸਰਕਾਰੀ ਹਸਪਤਾਲ ਵਿੱਚ ਇਹ ਹਾਦਸਾ ਵਾਪਰਿਆ। ਪਟਿਆਲਾ ਦੇ ਰਹਿਣ ਵਾਲੇ ਛੋਟੂ ਰਾਮ ਦਾ ਚੰਡੀਗੜ੍ਹ ਦੇ ਪੀ. ਜੀ. ਆਈ. ਹਸਪਤਾਲ ਵਿੱਚ ਪੁੱਤਰ ਇਲਾਜ਼ ਅਧੀਨ ਹੈ। ਪਿਛਲੇ ਦੋ ਮਹੀਨੇ ਤੋਂ ਉਹ ਪੀ. ਜੀ. ਆਈ. ਵਿੱਚ ਬੱਚੇ ਦੇ ਇਲਾਜ਼ ਲਈ ਤੜਫ਼ ਰਿਹਾ ਹੈ। ਅੱਜ ਬੁੱਧਵਾਰ ਨੂੰ ਉਸ ਦੀ ਪਤਨੀ ਬੁਲਬੁਲ ਜਿਸ ਨੂੰ ਬੱਚਾ ਹੋਣ ਵਾਲਾ ਸੀ ਦੇ ਜਣੇਪਾ ਪੀੜਾਂ ਹੋਣ ਲੱਗੀਆਂ। ਛੋਟੂ ਰਾਮ ਆਪਣੀ ਪਤਨੀ ਨੂੰ ਲੈ ਕੇ ਸੈਕਟਰ 16 ਦੇ ਸਰਕਾਰੀ ਹਸਪਤਾਲ ਵਿੱਚ ਪੁੱਜਾ। ਦਰਦ ਤੇਜ਼ ਹੋਣ ਕਾਰਨ (ਬਾਕੀ ਸਫਾ 2 'ਤੇ)

ਸਰਨਾ ਭਰਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ

26 ਜੁਲਾਈ ਨੂੰ ਪੇਸ਼ ਹੋਣ ਦੇ ਆਦੇਸ਼

ਅੰਮ੍ਰਿਤਸਰ, 21 ਜੁਲਾਈ (ਮੋਤਾ ਸਿੰਘ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ. ਗੁਰਬਚਨ ਸਿੰਘ ਨੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾ ਦਿਵਾਉਣ ਲਈ ਕੇਸਾਂ ਦੀ ਪੈਰਵੀ ਕਰ ਰਹੇ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਸ. ਐਚ.ਐਸ. ਫੂਲਕਾ ਤੇ ਫੰਡਾਂ ਬਾਰੇ ਕੀਤੀ ਦੂਸ਼ਣਬਾਜੀ ਦਾ ਗੰਭੀਰ ਨੋਟਿਸ ਲੈਂਦਿਆਂ ਸਰਨਾ ਭਰਾਵਾਂ ਨੂੰ 26 ਜੁਲਾਈ ਨੂੰ ਸਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਹੈ। ਗਿ. ਗੁਰਬਚਨ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੀਨੀਅਰ ਵਕੀਲ ਸ. ਫੂਲਕਾ 1984 ਤੋਂ ਹੁਣ ਤੱਕ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਲੋਕਾਂ ਨੂੰ ਸਜਾ ਦਿਵਾਉਣ ਲਈ ਕਾਨੂੰਨੀ ਲੜਾਈ ਲੜ ਰਹੇ ਹਨ, ਜੋ ਸਭਨਾ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਨੇੜੇ ਪਹੁੰਚ ਗਏ ਹਨ। ਇਸ ਮੌਕੇ 'ਤੇ ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਾਰਨਾ ਅਤੇ ਸ. ਹਰਵਿੰਦਰ ਸਿੰਘ ਸਰਨਾ ਨੇ ਸ. ਫੂਲਕਾ ਵਿਰੁੱਧ ਬਿਆਨਬਾਜ਼ੀ ਕਰਕੇ ਠੀਕ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਸ. ਫੂਲਕਾ ਨੂੰ ਕੇਸਾਂ ਦੀ ਕਾਰਵਾਈ ਜਾਰੀ ਰੱਖਣ ਲਈ ਆਖਿਆ ਹੈ।

ਚੀਫ ਖਾਲਸਾ ਦੀਵਾਨ ਦੀ ਅੰਦਰੂਨੀ ਲੜਾਈ ਦਾ ਹੱਲ 25 ਜੁਲਾਈ ਤੋਂ ਬਾਅਦ

ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਬਾਰੇ ਜਥੇਦਾਰ ਜੀ ਨੇ ਕਿਹਾ ਕਿ 25 ਜੁਲਾਈ ਤੋਂ ਬਾਅਦ ਹੱਲ ਕੀਤਾ ਜਾਵੇਗਾ ਅਤੇ ਹਾਲ ਦੀ ਘੜੀ ਦੋਵਾਂ ਸਿਰਾਂ ਨੂੰ ਬਿਆਨਬਾਜੀ ਤੋਂ

ਸਰਨਾ ਦਾ ਫੈਸਲਾ ਗੁੰਮਰਾਹਕੁੰਨ ਅਤੇ ਡੂੰਘੀ ਸਾਜਿਸ਼ ਦਾ ਨਤੀਜਾ-ਚੀਮਾ

ਚੰਡੀਗੜ੍ਹ 21 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ) 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਾਸਤੇ ਲਗਾਤਾਰ 25 ਸਾਲਾਂ ਤੋਂ ਸੰਘਰਸ਼ ਕਰ ਰਹੇ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਵਿਰੁੱਧ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਵੱਲੋਂ ਦਿੱਤਾ ਗਿਆ ਬਿਆਨ ਬਹੁਤ ਹੀ ਘਟੀਆ, ਗੁੰਮਰਾਹਕੁੰਨ ਅਤੇ ਡੂੰਘੀ ਸਾਜਿਸ਼ ਦਾ ਨਤੀਜਾ ਹੈ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿੱਚ ਪ੍ਰਗਟ ਕੀਤੇ। ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਜਾਰੀ ਇੱਕ ਬਿਆਨ ਵਿੱਚ ਡਾ. ਚੀਮਾ ਨੇ ਕਿਹਾ ਕਿ ਅਜਿਹਾ ਬਿਆਨ ਦੇ ਕੇ ਸ. ਸਰਨਾ ਨੇ ਪੀੜਤਾਂ ਨੂੰ ਇਨਸਾਫ ਮਿਲਣ ਦੀ ਆਸ 'ਤੇ ਗਹਿਰੀ ਸੱਟ ਮਾਰੀ ਹੈ। ਇਹ ਬਿਆਨ ਸ. ਫੂਲਕਾ ਨੂੰ ਇਨ੍ਹਾਂ ਕੇਸਾਂ ਤੋਂ ਲਾਂਭੇ ਕਰਵਾ ਕੇ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਦੀ ਸਿੱਧੀ ਮਦਦ ਕਰਨ ਲਈ ਸਾਜਿਸ਼ ਦਾ ਇੱਕ ਹਿੱਸਾ ਹੈ। (ਬਾਕੀ ਸਫਾ 2 'ਤੇ)

ਦਿੱਲੀ ਕਮੇਟੀ ਜਾਂ ਅਸੀਂ ਫੂਲਕਾ 'ਤੇ ਕੋਈ ਦੋਸ਼ ਨਹੀਂ ਲਾਏ-ਸਰਨਾ

ਨਵੀਂ ਦਿੱਲੀ, 21 ਜੁਲਾਈ (ਜਸਵੰਤ ਸਿੰਘ ਅਜੀਤ)-ਐਡਵੋਕੇਟ ਐਚ.ਐਸ. ਫੂਲਕਾ ਨੇ ਨਵੰਬਰ 84 ਦੇ ਦੋਸ਼ੀਆਂ ਵਿਰੁੱਧ ਪੀੜ੍ਹਤਾਂ ਦੇ ਕੇਸਾਂ ਨਾ ਲੜਨ ਦਾ ਜੋ ਫੈਸਲਾ ਕੀਤਾ ਹੈ, ਉਹ ਉਨ੍ਹਾਂ ਦਾ ਨਿੱਜੀ ਫੈਸਲਾ ਹੈ, ਪਰ ਅਸੀਂ ਇਸ ਫੈਸਲੇ ਨੂੰ ਠੀਕ ਨਹੀਂ ਸਵੀਕਾਰਦੇ। ਸ. ਪਰਮਜੀਤ ਸਿੰਘ ਸਰਨਾ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਇਹ ਵਿਚਾਰ ਪ੍ਰਗਟ ਕੀਤੇ। ਸ. ਸਰਨਾ ਨੇ ਹੋਰ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਡਵੋਕੇਟ ਐਚ.ਐਸ. ਫੂਲਕਾ ਤੇ ਕਦੇ ਵੀ ਕੋਈ ਦੋਸ਼ ਨਹੀਂ ਲਾਇਆ ਗਿਆ। ਉਨ੍ਹਾਂ ਨੇ ਇੱਕ ਨਿੱਜੀ ਟੀ.ਵੀ. ਚੈਨਲ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁੱਧ ਜੋ ਮੰਦ ਭਾਸ਼ਾ ਵਰਤੀ ਹੈ, ਕੇਵਲ ਉਸ ਦੇ ਵਿਰੁੱਧ ਰੋਸ ਜ਼ਹੂਰ ਪ੍ਰਗਟ ਕੀਤਾ ਗਿਆ ਹੈ। ਸ. ਸਰਨਾ ਨੇ ਦੱਸਿਆ ਕਿ ਨਾਨਾਵਤੀ ਕਮਿਸ਼ਨ ਦੇ ਸਾਹਮਣੇ ਪੀੜ੍ਹਤਾਂ ਵੱਲੋਂ ਪੈਰਵੀ ਕੀਤੇ ਜਾਣ ਦੇ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ (ਬਾਕੀ ਸਫਾ 2 'ਤੇ)

ਪਾਕਿਸਤਾਨ ਨੇ ਫਿਰ ਕੀਤਾ ਗੋਲੀਬੰਦੀ ਦਾ ਉਲੰਘਣ

ਜੰਮੂ, 21 ਜੁਲਾਈ (ਵਿਸ਼ਵ ਵਾਰਤਾ)-ਪਾਕਿਸਤਾਨੀ ਸੈਨਿਕਾਂ ਨੇ ਅੱਜ ਇੱਕ ਵਾਰ ਫਿਰ ਜੰਗਬੰਦੀ ਦਾ ਉਲੰਘਣ ਕਰਕੇ ਜੰਮੂ ਸਥਿਤ ਸੀਮਾ ਚੌਂਕੀਆਂ 'ਤੇ ਗੋਲੀਬਾਰੀ ਕੀਤੀ ਜਿਸ ਵਿੱਚ ਬੀ.ਐਸ.ਐਫ. ਦਾ ਇੱਕ ਜਵਾਨ ਜ਼ਖਮੀ ਹੋ ਗਿਆ ਹੈ। ਜੁਲਾਈ ਮਹੀਨੇ ਵਿੱਚ ਪਾਕਿਸਤਾਨੀ ਸੈਨਿਕਾਂ ਵੱਲੋਂ ਜੰਗਬੰਦੀ ਉਲੰਘਣ ਦੀ ਇਹ ਨੌਵੀਂ ਘਟਨਾ ਹੈ। ਬੀ.ਐਸ.ਐਫ. ਦੇ ਅਧਿਕਾਰਿਆਂ ਨੇ ਦੱਸਿਆ ਕਿ ਪਾਕਿਸਤਾਨੀ ਰੇਂਜਰਾਂ ਨੇ ਜੰਮੂ ਜ਼ਿਲ੍ਹੇ ਦੇ ਅਖਨੂਰ ਇਲਾਕੇ ਵਿੱਚ ਅੰਤਰ-ਰਾਸ਼ਟਰੀ ਸਰਹੱਦ 'ਤੇ ਸਥਿਤ ਚਵਾਨੀ ਅਤੇ ਜਾਬੋਵਲ ਨਾਮ ਦੀ ਸੀਮਾ ਚੌਕੀਆਂ 'ਤੇ ਸਵੇਰੇ ਲਗਭਗ ਸੱਤ ਵਜੇ ਗੋਲੀਬਾਰੀ ਕੀਤੀ ਜਿਸ 'ਤੇ ਸਰਹੱਦ 'ਤੇ ਸੁਰੱਖਿਆ ਕਰ ਰਹੇ ਬੀ.ਐਸ.ਐਫ. ਦੇ ਜਵਾਨਾਂ ਨੇ ਵੀ ਜਵਾਬੀ ਗੋਲੀਬਾਰੀ ਕੀਤੀ। ਗੋਲੀਬਾਰੀ ਦੀ ਇਸ ਘਟਨਾ ਵਿੱਚ ਬੀ.ਐਸ.ਐਫ. ਦਾ ਇੱਕ ਜਵਾਨ ਜ਼ਖ਼ਮੀ ਹੋ ਗਿਆ ਹੈ। ਉਹਨਾਂ ਦੱਸਿਆ ਕਿ ਜੰਮੂ ਸੈਕਟਰ ਵਿੱਚ ਚੱਕ ਫਗਵਾਰੀ ਖੇਤਰ ਦੇ ਇਲਾਕੇ ਦੇਵਰਾ ਵਿੱਚ ਬੀਤੀ ਰਾਤ ਲਗਭਗ 10.30 ਵਜੇ ਦੋਨਾਂ ਵੱਲੋਂ ਗੋਲੀਬਾਰੀ ਹੋਣ ਤੋਂ ਬਾਅਦ ਅੱਤਵਾਦੀਆਂ ਦੀ ਘੁਸਪੈਠ ਦੀ ਕੋਸ਼ਿਸ਼ ਨੂੰ ਅਸਫ਼ਲ ਕਰ ਦਿੱਤਾ ਸੀ।

ਬੰਗਲਾਦੇਸ਼ 'ਚ ਮਾਓਵਾਦੀਆਂ ਨੇ ਕੀਤੀ ਪੁਲਿਸ ਕਰਮਚਾਰੀਆਂ ਦੀ ਹੱਤਿਆ

ਢਾਕਾ, 21 ਜੁਲਾਈ (ਵਿਸ਼ਵ ਵਾਰਤਾ)-ਬੰਗਲਾਦੇਸ਼ ਦੇ ਪੱਛਮੀ ਉਤਰ ਪਾਬਨਾ ਜ਼ਿਲ੍ਹੇ ਵਿੱਚ ਸ਼ੱਕੀ ਕੱਟੜਪੰਥੀ ਅੱਤਵਾਦੀਆਂ ਨੇ ਬੀਤੀ ਰਾਤ ਤਿੰਨ ਪੁਲਿਸ ਕਰਮਚਾਰੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪਾਬਨਾ ਦੇ ਪੁਲਿਸ ਪ੍ਰਮੁੱਖ ਜਮੀਲ ਅਹਿਮਦ ਨੇ ਦੱਸਿਆ ਕਿ ਅੱਤਵਾਦੀਆਂ ਨੇ ਅਚਾਨਕ ਗੋਲੀਬਾਰੀ ਸ਼ੁਰੂ ਕਰਕੇ ਸਾਡੇ ਕੈਂਪ ਇੰਚਾਰਜ ਅਤੇ ਪੁਲਿਸ ਕਰਚਮਾਰੀਆਂ ਦੀ ਹੱਤਿਆ ਕਰ ਦਿੱਤੀ। ਅਹਿਮਦ ਨੇ ਕਿਹਾ ਕਿ ਪੁਲਿਸ ਕਰਮਚਾਰੀ ਅਤੇ ਦੋ ਹੋਰ ਲੋਕ ਵੀ ਪਾਬੰਦੀਸ਼ੁਦਾ ਮਾਓਵਾਦੀ ਗੁੱਟ ਬੁਰਬਾ ਬੰਗਲਾਰ ਕਮਿਊਨਿਸਟ ਪਾਰਟੀ (ਲਾਲ ਪਤਾਕਾ) ਦੇ ਅੱਤਵਾਦੀਆਂ ਦੀ ਭਿਆਨਕ ਗੋਲੀਬਾਰੀ ਦੀ ਚਪੇਟ ਵਿੱਚ ਆ ਗਏ। ਇਹ (ਬਾਕੀ ਸਫਾ 2 'ਤੇ)

ਲਾਦੇਨ ਤੇ ਉਮਰ ਪਾਕਿ 'ਚ ਨਹੀਂ-ਗਿਲਾਨੀ



ਇਸਲਾਮਾਬਾਦ, 21 ਜੁਲਾਈ (ਵਿਸ਼ਵ ਵਾਰਤਾ)-ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਨੇ ਅਮਰੀਕਾ ਦੇ ਉਸ ਦਾਅਵੇ ਨੂੰ ਖਾਰਿਜ ਕੀਤਾ ਹੈ, ਜਿਸ ਵਿਚ ਉਸ ਨੇ ਕਿਹਾ ਸੀ ਕਿ ਅਲਕਾਇਦਾ ਦਾ ਸਰਗਨਾ ਓਸਾਮਾ ਬਿਨ ਲਾਦੇਨ ਅਤੇ ਤਾਲਿਬਾਨ ਦਾ ਸਰਗਨਾ ਮੁੱਲਾ ਉਮਰ ਉਨ੍ਹਾਂ ਦੇ ਦੇਸ਼ ਵਿਚ ਹੀ ਛੁਪੇ ਹੋਏ ਹਨ। ਇਕ ਨਿਊਜ਼ ਚੈਨਲ ਅਨੁਸਾਰ ਗਿਲਾਨੀ ਨੇ ਕਿਹਾ ਹੈ ਕਿ ਓਸਾਮਾ ਬਿਨ ਲਾਦੇਨ ਅਤੇ ਮੁੱਲਾ ਉਮਰ ਪਾਕਿਸਤਾਨ ਵਿਚ ਨਹੀਂ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕੋਲ ਇਨ੍ਹਾਂ ਦੋਨਾਂ ਬਾਰੇ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਹੈ ਤਾਂ ਉਹ ਪਾਕਿਸਤਾਨ ਸਰਕਾਰ ਨੂੰ ਇਸ ਸਬੰਧੀ ਦੱਸ ਸਕਦਾ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਸੋਮਵਾਰ ਨੂੰ ਕਿਹਾ ਸੀ ਕਿ ਲਾਦੇਨ ਪਾਕਿਸਤਾਨ ਵਿਚ ਛੁਪਿਆ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਸੀ ਕਿ ਪਾਕਿਸਤਾਨ ਸਰਕਾਰ ਵਿੱਚ ਮੌਜੂਦ ਕੁਝ ਲੋਕਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਓਸਾਮਾ ਕਿੱਥੇ

ਪ੍ਰਗਟ ਸਿੰਘ ਦਾ ਹਾਕੀ ਇੰਡੀਆ ਦੀ ਪ੍ਰਧਾਨਗੀ ਲਈ ਮੈਦਾਨ ਵਿੱਚ ਆਉਣਾ ਹਾਕੀ ਲਈ ਸ਼ੁਭ ਸੰਕੇਤ-ਉਲੰਪੀਅਨ ਹਰਪ੍ਰੀਤ ਸਿੰਘ, ਬਲਜੀਤ ਸਿੰਘ ਢਿੱਲੋਂ

ਤਸਵੀਰ: ਕੁਲਦੀਪ ਸਿੰਘ

ਜਲੰਧਰ, 21 ਜੁਲਾਈ (ਹਰਪ੍ਰੀਤ ਸਿੰਘ ਲੇਹਿਲ)-ਹਾਕੀ ਇੰਡੀਆ ਦੀ ਪ੍ਰਧਾਨਗੀ ਲਈ ਸਾਬਕਾ ਹਾਕੀ ਕਪਤਾਨ ਸ. ਪ੍ਰਗਟ ਸਿੰਘ ਦਾ ਮੈਦਾਨ ਵਿੱਚ ਆਉਣਾ ਹਾਕੀ ਦੇ ਭਵਿੱਖ ਲਈ ਸ਼ੁੱਭ ਸੰਕੇਤ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਇੱਥੇ ਹਾਕੀ ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਅਤੇ ਬਲਜੀਤ ਸਿੰਘ ਢਿੱਲੋਂ ਨੇ ਕਰਦਿਆਂ ਕਿਹਾ ਕਿ ਹਾਕੀ ਜੋ ਕਿ ਭਾਰਤੀਆਂ ਦੀ ਹਰਮਨ ਪਿਆਰੀ ਖੇਡ ਹੈ, ਪਿਛਲੇ ਸਮੇਂ ਤੋਂ ਸਿਆਸਤ ਦੀ ਭੇਟ ਚੜ੍ਹੀ ਹੋਈ ਹੈ, ਜਿਸ ਕਾਰਨ ਹਾਕੀ ਪ੍ਰੇਮੀ ਦੁਖੀ ਮਹਿਸੂਸ ਕਰਦੇ ਹਨ। ਉਨ੍ਹਾਂ ਹੋਰ ਕਿਹਾ ਕਿ ਹਾਕੀ ਇੰਡੀਆ ਦੀ ਪ੍ਰਧਾਨਗੀ ਲਈ ਸਾਬਕਾ ਹਾਕੀ ਕਪਤਾਨ ਸ. ਪ੍ਰਗਟ ਸਿੰਘ ਦਾ ਮੈਦਾਨ ਵਿੱਚ ਆਉਣਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਉਹ ਸ. ਪ੍ਰਗਟ ਸਿੰਘ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦਾ ਭਰਪੂਰ ਸਮਰਥਨ ਕਰਦੇ ਹਨ। ਉਨ੍ਹਾਂ ਇਸ ਦੇ ਨਾਲ ਹੀ ਵੱਖ-ਵੱਖ ਰਾਜਾਂ ਦੀਆਂ ਹਾਕੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਕੀਤੀ ਕਿ ਉਹ ਆਪਣੀ ਜ਼ਮੀਰ ਦੀ ਆਵਾਜ਼ 'ਤੇ ਸ. ਪ੍ਰਗਟ ਸਿੰਘਨੂੰ ਵੋਟ (ਬਾਕੀ ਸਫਾ 2 'ਤੇ)

ਪੰਜਾਬ ਦੇ ਕਾਂਗਰਸ ਪ੍ਰਧਾਨ ਦੀ ਚੋਣ ਤੋਂ ਪਹਿਲਾਂ ਹੀ ਉਥਲ-ਪੁਥਲ

ਚੰਡੀਗੜ੍ਹ, 21 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਪ੍ਰਦੇਸ਼ ਕਾਂਗਰਸ ਦੇ ਨਵੇਂ ਪ੍ਰਧਾਨ ਨੂੰ ਲੈ ਕੇ ਅੱਜ ਕੱਲ੍ਹ ਕਾਂਗਰਸੀ ਹਲਕਿਆਂ 'ਚ ਜਬਰਦਸਤ ਉਥਲ-ਪੁਥਲ ਹੋਣ ਦੀਆਂ ਖ਼ਬਰਾਂ ਹਨ। ਨਵੇਂ ਪ੍ਰਧਾਨ ਦਾ ਤਾਜ ਕਿਸ ਦੇ ਸਿਰ ਪਵੇਗਾ ਇਸ ਸਬੰਧੀ ਸੀਨੀਅਰ ਆਗੂਆਂ ਵੱਲੋਂ ਆਪਣੇ-ਆਪਣੇ ਅੰਦਾਜੇ ਲਾਏ ਜਾ ਰਹੇ ਹਨ। ਭਾਵੇਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਵੇਂ ਪ੍ਰਧਾਨ ਦੀ ਦੌੜ 'ਚ ਸਭ ਤੋਂ ਅੱਗੇ ਹਨ ਪ੍ਰੰਤੂ ਉਨ੍ਹਾਂ ਨੇ ਵਿਰੋਧੀ ਧੜੇ ਕਿਸੇ ਵੀ ਕੀਮਤ 'ਤੇ ਉਨ੍ਹਾਂ ਨੂੰ ਪ੍ਰਧਾਨ ਦੇਖਣਾ ਨਹੀਂ ਚਾਹੁੰਣਗੇ, ਜਿਸ ਕਰਕੇ ਪਾਰਟੀ 'ਚ ਧੜੇਬੰਦੀ ਸਿਖਰਾਂ 'ਤੇ ਹੈ। ਕਾਂਗਰਸ ਦੇ ਕੌਮੀ ਹੈਡਕੁਆਟਰ 24 ਅਕਬਰ ਰੋਡ ਦੀਆਂ ਖ਼ਬਰਾਂ ਤੇ ਜੇਕਰ ਯਕੀਨ ਕੀਤਾ ਜਾਵੇ ਤਾਂ ਜੁਲਾਈ ਦੇ ਅੰਤ ਤੱਕ ਨਵੇਂ ਪ੍ਰਧਾਨ ਦੀ ਤਾਜ ਪੋਸ਼ੀ ਹੋ ਸਕਦੀ ਹੈ। ਪਾਰਟੀ ਵੱਲੋਂ ਨਵੇਂ ਸੂਬਾ ਪ੍ਰਧਾਨ ਦਾ ਤਾਜ ਇਕ ਵਾਰ ਕੈਪਟਨ ਅਮਰਿੰਦਰ ਸਿੰਘ ਨੂੰ ਪਹਿਨਾਇਆ ਜਾ ਸਕਦਾ ਹੈ। ਕੈਪਟਨ ਇਸ ਤੋਂ ਪਹਿਲਾਂ ਸਾਲ 2000 'ਚ ਵੀ ਪ੍ਰਦੇਸ਼ ਕਾਂਗਰਸ ਨੇ ਪ੍ਰਧਾਨ ਰਹਿ ਚੁੱਕੇ ਹਨ। ਪਾਰਟੀ ਦੇ ਅੰਦਰਲੇ ਸੂਤਰਾਂ ਅਨੁਸਾਰ ਕਾਂਗਰਸ ਦੇ ਰਾਹੁਲ ਗਾਂਧੀ ਵੱਲੋਂ ਪੰਜਾਬ ਕਾਂਗਰਸ ਲਈ ਇਕ ਫਾਰਮੂਲਾ ਤਿਆਰ ਕੀਤਾ ਗਿਆ ਹੈ, ਜਿਸ ਤਹਿਤ ਕੈਪਟਨ ਅਮਰਿੰਦਰ ਸਿੰਘ ਨੂੰ ਸੂਬਾ ਕਾਂਗਰਸ ਦਾ ਪ੍ਰਧਾਨ (ਬਾਕੀ ਸਫਾ 2 'ਤੇ)

ਨਵੇਂ ਬਣਾਏ ਨਸ਼ਾ ਛੁਡਾਊ ਹਸਪਤਾਲ ਦੀ ਕੰਧ ਉਦਘਾਟਨ ਤੋਂ ਪਹਿਲਾਂ ਹੀ ਡਿੱਗੀ

ਤਲਵੰਡੀ ਸਾਬੋ, 21 ਜੁਲਾਈ (ਪ. ਪ.)- ਸਿੱਖਾਂ ਦੇ ਚੌਥੇ ਤਖਤ ਨਾਲ ਸੁਸ਼ੋਭਿਤ ਇਤਿਹਾਸਕ ਨਗਰ ਤਲਵੰਡੀ ਸਾਬੋ ਵਿਖੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਨਿੱਜੀ ਦਿਲਚਸਪੀ ਅਤੇ ਹਲਕਾ ਇੰਚਾਰਜ ਸ. ਅਮਰਜੀਤ ਸਿੰਘ ਖਾਨ੍ਹਾ ਦੇ ਯਤਨਾਂ ਸਦਕਾ ਅਜੇ ਕੁਝ ਦਿਨ ਪਹਿਲਾਂ ਹੀ ਬਣ ਕੇ ਮੁਕੰਮਲ ਹੋਏ 'ਨਸ਼ਾ ਛੁਡਾਊ ਕੇਂਦਰ' ਦੀ ਇੱਕ ਕੰਧ ਠੇਕੇਦਾਰ ਵੱਲੋਂ ਵਰਤੇ ਘਟੀਆ ਮਟੀਰੀਅਲ ਕਾਰਨ ਹਸਪਤਾਲ ਦੇ ਉਦਘਾਟਨ ਤੋ ਪਹਿਲਾਂ ਹੀ ਬੀਤੇ ਕੱਲ੍ਹ ਹੋਈ ਬਾਰਿਸ਼ ਨਾਲ ਡਿੱਗ ਪਈ। ਇੱਥੇ ਦੱਸਣਾ ਬਣਦਾ ਹੈ ਕਿ ਉਕਤ 'ਨਸ਼ਾ ਛੁਡਾਊ ਹਸਪਤਾਲ' ਦਾ ਨੀਂਹ ਪੱਥਰ ਮਿਤੀ 26-09-2008 ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਰੱਖਿਆ ਸੀ। ਸਾਰੀਆਂ ਆਧੁਨਿਕ ਸਹੂਲਤਾਂ ਨਾਲ ਲੈੱਸ ਕਰੀਬ ਸਾਢੇ ਤਿੰਨ ਕਰੋੜ ਰੁਪਏ ਦੀ ਭਾਰੀ ਭਰਕਮ ਰਾਸ਼ੀ ਨਾਲ ਤਿਆਰ ਹੋਏ ਇਸ ਹਸਪਤਾਲ ਦਾ ਉਦਘਾਟਨ ਆਉਣ ਵਾਲੇ ਕੁਝ ਦਿਨਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਜਾਂ ਉੱਪ-ਮੁੱਖ ਮੰਤਰੀ ਨੇ ਕਰਨਾ ਸੀ ਪ੍ਰੰਤੂ ਬੀਤੇ ਕੱਲ੍ਹ ਆਈ ਬਾਰਿਸ਼ ਨੇ ਕਥਿਤ ਤੌਰ 'ਤੇ ਠੇਕੇਦਾਰ ਵੱਲੋਂ ਵਰਤੇ ਅਤਿ ਘਟੀਆ ਸਾਮਾਨ ਅਤੇ ਵਿਭਾਗ ਵੱਲੋਂ ਬਿਲਕੁੱਲ ਅੱਖਾਂ ਮੀਟ ਕੇ ਕੰਮ ਕਰਵਾਉਣ ਦੀ ਪੋਲ ਖੋਲ੍ਹ ਦਿੱਤੀ। (ਬਾਕੀ ਸਫਾ 2 'ਤੇ)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਕੋਸ਼ਿਸ਼, ਪਰਚਾ ਦਰਜ

ਗੋਨਿਆਣਾ ਮੰਡੀ, 21 ਜੁਲਾਈ (ਸੱਤਪਾਲ ਬਾਂਸਲ)-ਇੱਥੋ ਥੋੜ੍ਹੀ ਦੂਰੀ 'ਤੇ ਸਥਿਤ ਪਿੰਡ ਖਿਆਲੀਵਾਲਾ ਤੋਂ ਜਾਣਕਾਰੀ ਮਿਲੀ ਕਿ ਇੱਕ ਸ਼ਰਾਬੀ ਬੂਟਾ ਸਿੰਘ ਪੁੱਤਰ ਹਜ਼ੂਰਾ ਸਿੰਘ ਜੱਟ ਸਿੱਖ ਜੋ ਕਿ ਸ਼ਰਾਬ ਦੇ ਨਸ਼ੇ ਵਿੱਚ ਟੁੰਨ ਸੀ।

ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ਼ਰਾਬ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਕਿਰਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਨੇ ਜਦੋਂ ਸ਼ਰਾਬੀ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਸ਼ਰਾਬੀ ਨੇ ਗੁਰੂ ਸ੍ਰੀ ਗ੍ਰੰਥ ਸਾਹਿਬ ਅੱਗੇ ਪਏ ਸ਼ਾਸ਼ਤਰ ਚੁੱਕ ਕੇ ਗ੍ਰੰਥੀ ਦੇ ਹੱਥ 'ਤੇ ਮਾਰੇ। ਜ਼ਖ਼ਮੀਂ ਗ੍ਰੰਥੀ ਨੂੰ ਚੁੱਕ ਕੇ ਗੋਨਿਆਣਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਥਾਣਾ ਨੇਹੀਆ ਵਾਲਾ ਪੁਲਿਸ ਨੇ ਦੋਸ਼ੀ ਖਿਲਾਫ਼ ਮੁਕੱਦਮਾ ਨੰਬਰ 81 ਧਾਰਾ 295ਏ 323, 506 ਅਧੀਨ ਕੇਸ ਦਰਜ ਕਰ ਲਿਆ ਹੈ।

ਇਸ ਮਾੜੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਏਕ ਨੂਰ ਖਾਲਸਾ ਫੌਜ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਗੰਗਾ ਨੇ ਕਿਹਾ ਕਿ ਅਜਿਹੇ ਵਿਅਕਤੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ, ਜੋ ਵੀ ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਕਰਦੇ ਹਨ। ਇਸ ਘਟਨਾ ਦੀ ਪਿੰਡ ਵਿੱਚ ਵੀ ਕਾਫੀ ਚਰਚਾ ਚੱਲ ਰਹੀ ਹੈ।

ਪਾਕਿਸਤਾਨੀ ਵਕੀਲਾਂ ਦੀ ਕ੍ਰਿਕਟ ਟੀਮ ਤੇ ਭਾਰਤੀ ਵਕੀਲਾਂ ਦੀ ਕ੍ਰਿਕਟ ਟੀਮ ਭਲਕੇ ਭਿੜੇਗੀ

ਚੰਡੀਗੜ੍ਹ, 21 ਜੁਲਾਈ (ਹਰੀਸ਼ ਚੰਦਰ ਬਾਂਗਾਵਾਲਾ)-ਪਾਕਿਸਤਾਨੀ ਵਕੀਲਾਂ ਦੀ ਕ੍ਰਿਕਟ ਟੀਮ ਅਤੇ ਭਾਰਤੀ ਵਕੀਲਾਂ ਦੀ ਕ੍ਰਿਕਟ ਟੀਮ ਦਾ ਭਾਰਤ ਵਿੱਚ ਪਹਿਲੀਵਾਰ ਕ੍ਰਿਕਟ ਮੈਚ ਹੋ ਰਿਹਾ ਹੈ। ਇਹ ਕ੍ਰਿਕਟ ਮੈਚ ਕੱਲ੍ਹ 23 ਜੁਲਾਈ ਨੂੰ ਦੁਪਹਿਰ 2.30 ਵਜੇ ਕ੍ਰਿਕਟ ਸਟੇਡੀਅਮ ਸੈਕਟਰ 16 ਚੰਡੀਗੜ੍ਹ ਵਿੱਚ ਹੋ ਰਿਹਾ ਹੈ। ਇਹ ਮੈਚ ਪਹਿਲੀ ਵਾਰ ਬਾਰ ਕੈਂਪਸ ਆਫ ਪੰਜਾਬ ਅਤੇ ਹਰਿਆਣਾ ਵੱਲੋਂ ਕਰਵਾਇਆ ਜਾ ਰਿਹਾ ਹੈ। ਇਸ ਗੱਲ ਦੀ ਜਾਣਕਾਰੀ ਇੱਥੇ ਬਾਰ ਕੌਂਸਲ ਦੇ ਚੇਅਰਮੈਨ ਸ੍ਰੀ ਪਰਤਾਪ ਸਿੰਘ ਐਡਵੋਕੇਟ ਅਤੇ ਆਨਰੇਰੀ ਸਕੱਤਰ ਸੰਨਦੀਪ ਮੋਦਗਿਲ ਵੱਲੋਂ ਸਾਂਝੇ ਤੌਰ ਤੇ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਹ ਮੈਚ ਕਰਵਾਉਣ ਦਾ ਮੁੱਖ ਮਕਸਦ ਦੋਵਾਂ ਦੇਸ਼ਾਂ ਤੋਂ ਨਾਗਰਿਕਾਂ ਵਿੱਚ ਆਪਸੀ ਭਾਈਚਾਰਾ ਗਰਮਨੀ, ਆਪਸੀ ਮੇਲਜੋੜ ਅਤੇ ਸਬੰਧਾਂ ਵਿੱਚ ਹੋਰ ਪੱਕਾ ਕਰਨ ਲਈ ਕਰਵਾਇਆ ਜਾ ਰਿਹਾ ਹੈ। ਚੇਅਰਮੈਨ ਸ. ਪਰਤਾਪ ਸਿੰਘ ਨੇ ਦੱਸਿਆ ਕਿ ਮੈਚ ਨਾਲ ਆਪਸੀ ਰਿਸ਼ਤੇ ਤੇ ਭਾਈਚਾਰਾ ਤੇ ਸ਼ਾਂਤੀ ਦਾ ਮਹੌਲ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ 32 ਮੈਂਬਰੀ ਵਕੀਲਾਂ ਦੀ ਟੀਮ ਕੱਲ੍ਹ ਇੱਥੇ ਪਹੁੰਚ ਰਹੀ ਹੈ, ਜਿਸ ਵਿੱਚ ਪਾਕਿਸਤਾਨ ਦੇ ਸਾਰੇ ਰਾਜਾਂ ਦੇ ਵਕੀਲ ਸ਼ਾਮਿਸ ਹਨ। ਇਸੇ ਤਰ੍ਹਾਂ ਭਾਰਤੀ ਵਕੀਲਾਂ ਦੀ ਕ੍ਰਿਕਟ ਟੀਮ ਵਿੱਚ ਵੀ ਸਾਰੇ ਰਾਜਾਂ ਦੇ ਵਕੀਲ ਸ਼ਾਮਿਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਵਕੀਲਾਂ ਦੀ ਟੀਮ ਨੂੰ ਭਾਰਤ ਸਰਕਾਰ ਨੇ ਇਲਾਵਾ ਹੋਰ ਦੋ ਦਿਨਾਂ ਤੋਂ ਉਹ ਧਾਰਮਿਕ ਅਸਥਾਨਾਂ

ਚੀਫ ਸੈਕਟਰੀ ਦਾ ਬਿਆਨ ਸਰਕਾਰ ਲਈ ਗਲੇ ਦੀ ਹੱਡੀ ?

ਚੰਡੀਗੜ੍ਹ, 21 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਸਿੰਚਾਈ ਵਿਭਾਗ ਦੇ ਡਰਨੇਜ ਵਿੰਗ ਨੂੰ ਹੜ੍ਹ ਆਉਣ ਤੋਂ ਪਹਿਲਾਂ ਫੰਡ ਜਾਰੀ ਨਾ ਕਰਨ ਦੇ ਬਿਆਨ ਨੇ ਪੰਜਾਬ ਦੇ ਚੀਫ ਸੈਕਟਰੀ ਐਸ.ਸੀ. ਅਗਰਵਾਲ ਨੂੰ ਕਸੂਤੀ ਸਥਿਤੀ ਵਿੱਚ ਫਸਾ ਦਿੱਤਾ ਹੈ ਕਿਉਂਕਿ ਪੰਜਾਬ ਵਿੱਚ ਪੁੱਜੀ ਕੇਂਦਰੀ ਅਧਿਕਾਰੀਆਂ ਦੀ ਟੀਮ ਨੇ ਪੰਜਾਬ ਚੀਫ ਸੈਕਟਰੀ ਦੇ ਬਿਆਨ ਨੂੰ ਵੀ ਪੰਜਾਬ ਵਿੱਚ ਹੜ੍ਹ ਆਉਣ ਪਿੱਛੇ ਪੰਜਾਬ ਸਰਕਾਰ ਦੀ ਨਜਾਇਜ ਦਾ ਅਧਾਰ ਬਣਾ ਕੇ ਆਪਣੀ ਰਿਪੋਰਟ ਬਣਾਉਣ ਸ਼ੁਰੂ ਕਰ ਦਿੱਤਾ ਹੈ। ਜਦੋਂ ਕਿ ਚੀਫ ਸੈਕਟਰੀ ਆਪਣੇ ਬਿਆਨ ਨੂੰ ਮੀਡੀਆ ਤੇ ਤੋੜ-ਮਰੋੜ ਕੇ ਲਗਾਉਣ ਦੇ ਦੋਸ਼ ਲਗਾ ਰਹੇ ਹਨ, ਪਰ ਤੱਥਾਂ ਦੇ ਅਧਾਰ 'ਤੇ ਕੁਝ ਵੀ ਕਹਿਣ ਤੋਂ ਸੰਕੋਚ ਕਰ ਰਹੇ ਹਨ। ਜਾਣਕਾਰੀ ਅਨੁਸਾਰ ਪੰਜਾਬ ਵਿੱਚ ਪਿਛਲੇ ਇੱਕ ਹਫਤੇ ਪਹਿਲਾਂ ਆਏ ਹੜ੍ਹ ਨੂੰ ਪੰਜਾਬ ਸਰਕਾਰ ਦੀ ਕੁਤਾਹੀ ਆਫਤ ਐਲਾਨ ਕਰਨਗੇ। ਕੇਂਦਰ ਸਰਕਾਰ ਤੇ ਕਰੋੜਾਂ ਰੁਪਏ ਦੀ ਗ੍ਰਾਂਟ ਦੇਣ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਕੇਂਦਰ ਸਰਕਾਰ 'ਤੇ ਵੀ ਪੰਜਾਬ ਸਰਕਾਰ ਦੀ ਇਸ ਮੰਗ ਨੂੰ ਪਰਵਾਨਗੀ ਦਿੰਦਿਆਂ ਜਿੱਥੇ ਪਹਿਲਾਂ ਤੋਂ ਪਏ ਕੁਦਰਤੀ ਆਫਤ ਫੰਡਾਂ ਦੀ ਵਰਤੋਂ ਕਰਨ ਦੇ ਆਰਡਰ ਜਾਰੀ ਕੀਤੇ ਸਨ। ਉਦੋਂ ਹੀ ਕੇਂਦਰੀ ਟੀਮ ਨੂੰ ਪੰਜਾਬ ਦਾ ਹੜ੍ਹ ਪੀੜ੍ਹਤ ਮੁਆਵਜੇ ਲਈ ਅੰਦਾਜਾ ਲਗਾਉਣ ਲਈ ਕਿਹਾ ਸੀ। ਪੰਜਾਬ ਵਿਖੇ ਪੁੱਜੀ ਟੀਮ ਵੀ ਇਸ ਨੂੰ ਕੁਦਰਤੀ ਆਫਤ ਮੌਕੇ ਆਪਣੀ ਗੱਲਬਾਤ ਅਤੇ ਹੜ੍ਹਾਂ ਸਬੰਧੀ ਆਪਣੀ ਅਗਲੇਰੀ ਵਾਰਤਾ ਕਰ ਰਹੀ ਹੈ, ਪਰ ਕੇਂਦਰੀ ਟੀਮ ਦਾ ਅਚਾਨਕ ਕੁਦਰਤੀ ਆਫਤਾਂ ਆਉਣ 'ਤੇ ਰੁੱਖ ਹੀ ਬਦਲ ਗਿਆ ਕਿਉਂਕਿ ਪਿੱਛਲੇ ਦਿਨੀ ਪੰਜਾਬ ਦੇ ਚੀਫ ਸੈਕਟਰੀ ਵੱਲੋਂ ਦਿੱਤਾ ਬਿਆਨ। ਇਹ ਦਸ ਰਹੇ ਸਨ ਕਿ ਹੜ੍ਹ ਆਉਣ ਪਿੱਛੇ ਜਿੰਨੀ ਮਾਨਸੂਨ ਦਾ ਹੱਥ ਹੈ ਕਿਉਂਕਿ ਤਰਸਨ ਵਿਭਾਗ ਵੱਲੋਂ ਪੰਜਾਬ ਸਰਕਾਰ ਤੇ ਲੋੜੀਂਦਾ ਫੰਡ ਮੰਗਣ ਤੇ ਕਾਰਨ ਕੋਈ ਪ੍ਰਬੰਧ ਕਰਨ।